ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 26 ਮਾਰਚ, 2000

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਕਵੀ ਸ਼ਿਵਨਾਥ ਨੂੰ ਸਲਾਮ

ਬਜ਼ੁਰਗ ਕਵੀ ਸ਼ਿਵਨਾਥ ਦੀ ਜਨਵਰੀ, 2000 ਵਿਚ ਛਪੀ ਕਿਤਾਬ 'ਅਸੀਂ ਕਤਰੇ ਸਹੀ' ਦੀਆਂ ਕਵਿਤਾਵਾਂ ਪੰਜਾਬੀ ਸਾਹਿਤ ਨੂੰ ਇਕ ਬਹੁਤ ਵੱਡੀ ਦੇਣ ਹੈ। ਵਿਸ਼ਵਾਸ ਦੀ ਇਹ ਕਵਿਤਾ ਪਿਛਲੇ ਸਾਲਾਂ ਵਿਚ ਲਿਖੀ ਗਈ ਹੈ, ਆਪਣੇ ਆਪ ਵਿਚ ਪੰਜਾਬੀ ਸਾਹਿਤ ਵਿਚ ਇਹ ਇਕ ਖ਼ੁਸ਼ਗਵਾਰ ਘਟਨਾ ਹੈ। ਪੜ੍ਹਨ ਨਾਲ ਆਪਣੇ ਆਪ ਵਿਚ ਵਿਸ਼ਵਾਸ ਪੈਦਾ ਹੁੰਦਾ ਹੈ। ਮਨੁੱਖਤਾ ਦੀ ਅਥਾਹ ਸ਼ਕਤੀ ਵਿਚ ਵਿਸ਼ਵਾਸ ਪੈਦਾ ਹੁੰਦਾ ਹੈ। ਤੁਹਾਨੂੰ ਆਪਣਾ ਆਪ ਚੰਗਾ ਲੱਗਦਾ ਹੈ ਅਤੇ ਤੁਸੀਂ ਜ਼ਿੰਦਗੀ ਨੂੰ ਚੰਗਾ ਬਣਾਉਣ ਦੇ ਸੰਘਰਸ਼ ਲਈ ਪ੍ਰੇਰੇ ਜਾਂਦੇ ਹੋ। ਚਾਰ ਕਵਿਤਾਵਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।

## 1. ਅਸੀਂ ਕਤਰੇ ਸਹੀ

ਅਸੀਂ ਕਤਰੇ ਸਹੀ
ਪਰ ਭਾਗ ਹਾਂ ਡੂੰਘੇ ਸਮੁੰਦਰ ਦਾ
ਜੋ ਅਰਬਾਂ ਸਾਲ ਤੋਂ
ਬੱਦਲਾਂ ਨੂੰ ਦੇਂਦਾ ਆ ਰਿਹੈ ਪਾਣੀ
ਮਗਰ ਖਾਲੀ ਨਹੀਂ ਹੋਇਆ
ਤੇ ਨਾ ਹੋਣੈ ਕਦੇ ਉਸਨੇ

ਅਸੀਂ ਕਿਣਕੇ ਸਹੀ
ਪਰ ਭਾਗ ਹਾਂ ਸਾਰੀ ਪ੍ਰਿਥਵੀ ਦਾ
ਜਿਦ੍ਹੇ ਉੱਤੇ
ਹਜ਼ਾਰ ਟਨ ਦੇ ਭਾਰੀ
ਵਾਹਣ ਚਲਦੇ ਨੇ
ਮਗਰ ਥੱਕੀ ਨਹੀਂ ਫਿਰ ਵੀ
ਤੇ ਨਾ ਹੀ ਥੱਕਣੈ ਉਸਨੇ

ਅਸੀਂ ਚਿਣਗਾਂ ਸਹੀ
ਪਰ ਸਾਡੇ 'ਚ ਅੱਗ ਸੂਰਜ ਦੀ
ਜਿਦ੍ਹੇ ਬਾਝੋਂ ਕਿਸੇ ਵੀ ਥਾਂ
ਕਦੇ ਚਾਨਣ ਨਹੀਂ ਹੁੰਦਾ
ਤੇ ਨਾ ਜੀਵਨ ਮਚਲਦਾ ਹੈ
ਤੇ ਜਿਸਦੀ ਤਾਪ ਸ਼ਕਤੀ ਨਾਲ ਹੀ
ਸੰਸਾਰ ਚਲਦਾ ਹੈ

ਅਸੀਂ ਕਤਰੇ ਸਹੀ
ਕਿਣਕੇ ਸਹੀ
ਚਿਣਗਾਂ ਸਹੀ ਭਾਵੇਂ
ਮਗਰ ਅਹਿਸਾਸ ਹੈ ਸਾਨੂੰ
ਕਿ ਸਾਡੇ ਤੋਂ ਬਿਨਾ ਕਿਧਰੋਂ
ਕਿਸੇ ਨੂੰ ਸਾਹ ਨਹੀਂ ਆਉਂਦਾ
ਨਾ ਸਾਡੇ ਤੋਂ ਬਿਨਾ
ਹੁੰਦਾ ਹੈ ਕਿਧਰੇ ਨਾਂ ਹਿਯਾਤੀ ਦਾ
ਬਿਨਾ ਸਾਡੇ ਤੋਂ ਕਿਹੜਾ ਹੋਰ ਹੈ
ਕੋਈ ਥਾਂ ਹਿਯਾਤੀ ਦਾ
ਅਸੀਂ ਕਤਰੇ ਸਹੀ....।

## 2. ਚੇਤਾਵਨੀ

ਨਵੀਂ-ਪੁਰਾਣੀ ਕਵਿਤਾ ਦੇ
ਵਿਚਕਾਰ ਪਲੇਤਾ ਸੋਚ ਰਿਹਾ ਹਾਂ
ਕਿੱਸਾ-ਕਾਵਿ ਦਾ ਸਮਾਂ ਬੀਤਿਆ
ਹੋ ਗਏ ਗ਼ਾਇਬ ਸਰੋਤੇ
ਪਰ ਵਾਰਿਸ ਦੀ ਹੀਰ ਅਜੇ ਨਾ
ਜਿਹਨਾਂ ਵਿਚੋਂ ਮੋਈ
ਨਾ ਹਾਲੇ ਹਾਸ਼ਮ ਦੀ ਸੱਸੀ
ਦੂਰ ਦਿਲਾਂ ਤੋਂ ਹੋਈ
ਨਾ ਹੋਇਆ ਪੂਰਨ ਹੀ
ਕਾਦਰਯਾਰ ਦਾ ਅਜੇ ਪੁਰਾਣਾ
ਬੀਤਿਆ ਇਕ ਜ਼ਮਾਨਾ

ਪਰ ਅੱਜ ਦੀ ਕਵਿਤਾ ਤਾਂ
ਅੱਜ ਦਾ ਦੌਰ ਵੀ ਨਾ ਅਪਣਾਏ
ਪਲੋ-ਪਲੀ ਪਾਠਕ ਦਾ ਘੇਰਾ
ਹੋਰ ਸੁੰਗੜਦਾ ਜਾਏ

ਹੁਣ ਵੀ ਜੇਕਰ, ਰਚਨਹਾਰ ਨੂੰ
ਗੱਲ ਸਮਝ ਨਾ ਆਈ
ਡੁੱਬ ਜਾਣਗੀਆਂ
ਡੂੰਘੇ ਸਾਗਰ ਵਿਚ ਕਿਤਾਬਾਂ
ਖ਼ੁਦਕੁਸ਼ੀਆਂ ਦੇ ਮੋੜ 'ਤੇ ਪਹੁੰਚਣਗੇ
ਉਹ ਸਾਰੇ ਕਵੀ ਮਹਾਸ਼ੇ
ਜੋ ਕਵਿਤਾਨੂੰ, ਲੋਕਾਂ ਤੋਂ ਹਨ
ਖ਼ੁਦ ਹੀ ਕੋਹਾਂ ਦੂਰ ਲੈ ਗਏ

## 3. ਪਿੰਡ

ਇਹ ਮੇਰਾ ਪਿੰਡ ਜਿਸ ਨੂੰ ਪਿੰਡ ਕਹਿਣਾ
ਪਿੰਡ ਦੀ ਹੱਤਕ ਜਿਹਾ ਲੱਗਦੈ
ਕਦੇ ਉਹ ਪਿੰਡ ਹੁੰਦਾ ਸੀ
ਜਿਵੇਂ ਦੇ ਪਿੰਡ ਹੁੰਦੇ ਨੇ
ਤੇ ਪਿੰਡ ਦੇ ਲੋਕ ਸਨ ਐਸੇ
ਜਿਵੇਂ ਦੇ ਲੋਕ ਹੁੰਦੇ ਨੇ
ਬੜੇ ਹੀ ਨੇਕ-ਦਿਲ ਸਾਦਾ
ਜਿਨ੍ਹਾਂ ਵਿਚ ਈਰਖਾ ਦੂਰੀ ਦੀ
ਕੋਈ ਥਾਂ ਨਹੀਂ ਹੁੰਦੀ
ਪਰ ਅੱਜ.....
ਉਹਨਾਂ ਦੇ ਚਿਹਰਿਆਂ ਉੱਤੋਂ
ਉੜੀ ਪਰ' ਲਾ ਕੇ ਉਹ ਰੌਣਕ
ਜੋ ਪਿੰਡਾਂ ਦੇ ਮਨੁੱਖਾਂ ਦੀ
ਸਦੀਵੀ ਸ਼ਾਨ ਹੁੰਦੀ ਹੈ
ਹੁਣ....ਤੇ ਪਿਆਰਾਂ ਦੀ ਜਗ੍ਹਾ ਨਫ਼ਰਤ
ਦਿਲਾਂ 'ਤੇ ਰਾਜ ਕਰਦੀ ਹੈ
ਬਣੇਗਾ....ਫੇਰ ਤੋਂ ਇਹ ਪਿੰਡ
ਜਿਸਨੂੰ ਪਿੰਡ ਕਹਿੰਦੇ ਨੇ
ਤੇ ਜਿਹੜੇ ਪਿੰਡ ਵਿਚ ਅਕਸਰ
ਸਾਧਾਰਨ ਲੋਕ ਰਹਿੰਦੇ ਨੇ
ਸਾਧਾਰਨ ਲੋਕ ਹੀ, ਪਿੰਡਾਂ ਦੇ
ਮੂੰਹ-ਮੱਥੇ ਬਣਾਂਦੇ ਨੇ
ਤੇ ਔਖੇ ਵੇਲਿਆਂ ਵਿਚ
ਹਰ ਕਿਸੇ ਦੇ ਕੰਮ ਆਉਂਦੇ ਨੇ

## 4. ਮੁਕਤੀ

ਨਾ ਪਰਚਮ ਹੀ ਗਿਐ ਕਿਧਰੇ
ਨਾ ਕੋਈ ਫ਼ੌਜ ਹਾਰੀ ਹੈ
ਅਜੇ ਬੇਦਾਰ ਨੇ ਯੋਧੇ
ਅਜੇ ਤਾਂ ਜੰਗ ਜਾਰੀ ਹੈ
ਇਹ ਜਿਹੜਾ ਮਹਿਲ ਡਿੱਗਾ ਹੈ
ਉਹ ਇਕ ਦਿਨ ਫੇਰ ਉਸਰੇਗਾ
ਕਿਸੇ ਵੀ ਮਿਸਤ੍ਰੀ ਹੱਥੋਂ
ਅਜੇ ਕਾਂਡੀ ਨਹੀਂ ਛੱਡੀ
ਹੈ ਸਭ ਕੁਝ ਕਾਇਮ ਦੁਨੀਆ 'ਤੇ
ਲਿਆਕਤ ਵੀ, ਇਰਾਦੇ ਵੀ
ਤੇ ਟੱਕਰ ਲੈਣ ਦਾ ਜਜ਼ਬਾ ਵੀ
ਆਪਣੀ ਥਾਂ ਖਲੋਤਾ ਹੈ
ਤੁਸੀਂ ਫਿਰ ਕਿਉਂ ਉਦਾਸੇ ਹੋ
ਤੇ ਕਿਸ ਗੱਲੋਂ ਨਿਰਾਸ਼ੇ ਹੋ

ਜੋ ਸਿਰ ਤੋਂ ਛੱਤ ਉਡੀ ਹੈ
ਤੁਸੀਂ ਹੀ ਤਾਂ ਉਸਾਰੀ ਸੀ
ਤੁਸਾਂ ਹੀ ਤੇਗ ਵਾਹੀ ਸੀ
ਤੁਸਾਂ ਹੀ ਮੋਰਚੇ ਮੱਲੇ
ਭਲਾ ਕੀ ਗੱਲ ਹੈ ਜੇ ਆ ਗਈ
'ਗੁੱਡੀ' ਜ਼ਰਾ ਥੱਲੇ

ਬੜੀ ਵਾਰੀ ਤੁਸੀਂ ਹਾਲੇ
ਮੈਦਾਨ ਹਾਰ ਖਾਣੀ ਏ
ਬੜੀ ਵਾਰੀ ਤੁਹਾਡੇ
ਸਾਥੀਆਂ
ਦੇਣੇ ਨੇ ਬੇਦਾਵੇ
ਮਗਰ ਦੁਨੀਆ 'ਚ ਜਦ ਤੀਕਰ
ਇਹ ਕਾਣੀ ਵੰਡ ਕਾਇਮ ਹੈ
ਤੁਸੀਂ ਨਿਰਬਲ ਨਹੀਂ ਹੋਣਾ
ਸਗੋਂ, ਬਲਵਾਨ ਹੋਣਾ ਹੈ
....ਅਜੇ ਤਾਂ ਜੰਗ ਜਾਰੀ ਹੈ
ਬੜੀ ਵਾਰੀ ਹਰੇ ਨੇ ਜਿੱਤ ਕੇ
ਜਾਬਰ ਮੁਹਿੰਮਾਂ ਨੂੰ
ਬੜੀ ਵਾਰੀ ਹਰੇ ਹੋਏ ਆਦਮੀ
ਬਲਵਾਨ ਹੋਏ ਨੇ
....ਅਜੇ ਤਾਂ ਜੰਗ ਜਾਰੀ ਹੈ

ਸਾਹਿਤ ਦੀ ਇਕ ਸ਼ਿਖਿਆ ਹੈ ਕਿ ਉਹ ਮਨੁੱਖ ਨੂੰ ਸੰਵੇਦਨਸ਼ੀਲਤਾ [illegible] ਹਾਵਰੇ ਵਿਚ ਦਿਲੋਂ ਅਮੀਰ ਕਰਦਾ ਹੈ। ਸ਼ਿਵਨਾਥ ਦੀ ਕਿਤਾਬ 'ਅਸੀਂ ਕਤਰੇ ਸਹੀ' ਵਿਚ ਸ਼ਾਮਲ ਸੱਠ ਦੀਆਂ ਸੱਠ ਕਵਿਤਾਵਾਂ ਇਹ ਭੂਮਿਕਾ ਨਿਭਾਉਂਦੀਆਂ ਹਨ। ਸ਼ਿਵਨਾਥ ਨੂੰ ਸਾਡਾ ਸਲਾਮ ਕਹਿਣਾ ਬਣਦਾ ਹੈ।